The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 100
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੁਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874702, 0226554227
www.redcleaning.co.nz

25 April 2021, Daily, editornztasveer@gmail.com designnztasveer@gmail.com Ph/Fax: 09 390 4644

# ਕੋਰੋਨਾਵਾਇਰਸ: 'ਕੀ ਤੁਸੀਂ ਮੈਨੂੰ ਆਕਸੀਜਨ ਦਿਵਾ ਸਕਦੇ ਹੋ ? ਉਹ ਸ਼ਹਿਰ ਜਿੱਥੇ ਸਾਹ ਲੈਣਾ ਹੋਇਆ ਔਖਾ



ਆਕਲੈਂਡ (ਐਨ. ਜ਼ੈਡ. ਤਸਵੀਰ) :- ਮੈਂ ਸਵੇਰੇ ਇੱਕ ਸਕੂਲ ਅਧਿਆਪਕ ਦਾ ਦਰਦ ਭਰਿਆ ਫੋਨ ਆਉਣ 'ਤੇ ਜਾਗਿਆ, ਜਿਨ੍ਹਾਂ ਦੇ 46 ਸਾਲ ਦੇ ਪਤੀ ਆਕਸੀਜਨ ਦੀ ਘਾਟ ਵਾਲੇ ਦਿੱਲੀ ਦੇ ਇੱਕ ਹਸਪਤਾਲ ਵਿੱਚ ਕੋਵਿਡ-19 ਨਾਲ ਲੜ ਰਹੇ ਹਨ।ਜਦੋਂ ਇਹ ਫੋਨ ਆਉਂਦਾ ਹੈ ਤਾਂ ਮੈਂ ਆਪਣੇ ਆਪ ਨੂੰ ਕਹਿੰਦਾ ਹਾਂ, "ਉਸ ਸਹਿਰ ਵਿੱਚ ਜੀਵਨ ਦਾ ਇੱਕ ਹੋਰ ਦਿਨ, ਜਿੱਥੇ ਬਹੁਤ ਸਾਰੇ ਲੋਕਾਂ ਲਈ ਹੁਣ ਸਾਹ ਲੈਣਾ ਵੀ ਇੱਕ ਲਗਜਰੀ ਬਣ ਗਿਆ ਹੈ।"ਔਰਤ ਦੀ ਮਦਦ ਲਈ ਇੱਧਰ-ਉੱਧਰ ਫੋਨ ਕਰਦੇ ਹਾਂ, ਐੱਸ.ਓ.ਐੱਸ. (ਐਮਰਜੈਂਸੀ) ਲਈ ਫੋਨ ਕਰਦੇ ਹਾਂ। ਬੀਪਿੰਗ, ਮੌਨੀਟਰਾਂ ਦੀਆਂ ਆਵਾਜਾਂ ਵਿਚਕਾਰ ਔਰਤ ਸਾਨੂੰ ਦੱਸਦੀ ਹੈ ਕਿ ਉਸ ਦੇ ਪਤੀ ਦਾ ਆਕਸੀਜਨ ਪੱਧਰ ਘੱਟ ਕੇ 58 ਹੋ ਗਿਆ ਹੈ। ਥੋੜ੍ਹੀ ਦੇਰ ਬਾਅਦ ਇਹ ਪੱਧਰ 62 'ਤੇ ਪਹੁੰਚ ਜਾਂਦਾ ਹੈ। ਜੇ ਇਹ ਨੰਬਰ 92 ਜਾਂ ਇਸ ਤੋਂ ਘੱਟ ਹੋ ਜਾਂਦਾ ਹੈ ਤਾਂ ਤੁਹਾਨੂੰ ਆਪਣੇ ਡਾਕਟਰ ਨਾਲ ਸਲਾਹ-ਮਸਵਰਾ ਕਰਨਾ ਚਾਹੀਦਾ ਹੈ ਉਹ ਔਰਤ ਦੱਸਦੀ ਹੈ ਕਿ ਉਹ ਖੁਸ ਹੈ ਕਿ ਇਹ ਆਕਸੀਜਨ ਪੱਧਰ ਵੱਧ ਗਿਆ ਹੈ ਅਤੇ ਉਨ੍ਹਾਂ ਦੇ ਪਤੀ ਅਜੇ ਵੀ ਗੱਲਾਂ ਕਰ ਰਹੇ ਹਨ ਅਤੇ ਸੁਚੇਤ ਹਨ। ਮੈਂ ਆਪਣੀ ਇੱਕ ਡਾਕਟਰ ਦੋਸਤ ਨੂੰ ਮੈਸੇਜ ਭੇਜਦਾ ਹਾਂ ਜੋ ਕਿ ਕ੍ਰਿਟੀਕਲ ਕੇਅਰ ਵਿੱਚ ਕੰਮ ਕਰ ਰਹੇ ਹਨ।

ਉਹ ਮੈਨੂੰ ਮੈਸੇਜ ਦਾ ਜਵਾਬ ਦਿੰਦੇ ਹਨ, "ਮਰੀਜ ਉਦੋਂ ਵੀ ਗੱਲਬਾਤ ਕਰਦੇ ਰਹਿੰਦੇ ਹਨ ਜਦੋਂ ਇਹ ਲੈਵਲ 40 'ਤੇ ਹੁੰਦਾ ਹੈ।" ਮੈਂ ਅਖਬਾਰ ਦੇਖਦਾ ਹਾਂ ਤਾਂ ਇੱਕ ਨਾਮਵਰ ਪ੍ਰਾਈਵੇਟ ਹਸਪਤਾਲ ਵਿੱਚ ਗੰਭੀਰ ਰੂਪ ਨਾਲ ਬਿਮਾਰ ਹੋਏ 25 ਮਰੀਜਾਂ ਦੀ ਮੌਤ ਬਾਰੇ ਪੜ੍ਹਦਾ ਹਾਂ।ਹਸਪਤਾਲ ਨੇ ਦੱਸਿਆ ਕਿ ਆਕਸੀਜਨ ਦਾ ਦਬਾਅ ਕ੍ਰਿਟੀਕਲ ਕੇਅਰ ਵਿੱਚ ਘਟਾ ਦਿੱਤਾ ਗਿਆ ਸੀ ਅਤੇ ਕਈ ਮਰੀਜਾਂ ਨੂੰ ਹੱਥੀਂ ਆਕਸੀਜਨ ਦਿੱਤੀ ਜਾ ਰਹੀ ਸੀ।ਅਖਬਰਾ ਦੇ ਪਹਿਲੇ ਪੇਜ 'ਤੇ ਸਿਲੰਡਰ ਆਪਸ ਵਿੱਚ ਸਾਂਝਾ ਕਰਦੇ ਹੋਏ ਦੋ ਮਰਦਾਂ ਅਤੇ ਇੱਕ ਔਰਤ ਦੀ ਤਸਵੀਰ ਹੈ। ਜਿੱਥੇ ਲਿਖਿਆ ਹੈ "ਤਿੰਨ ਅਜਨਬੀ- ਜਨਤਕ ਅਤੇ ਸਰਕਾਰ ਦੀ ਅਣਗਹਿਲੀ ਕਾਰਨ ਇੱਕ ਦੁਖਾਂਤਕ ਸਥਿਤੀ ਵਿੱਚ ਫੱਸ ਗਏ -ਇੱਕ ਜੀਵਨ ਰੇਖਾ ਨੂੰ ਸਾਂਝੀ ਕਰਦੇ ਹੋਏ।" ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਨ੍ਹਾਂ ਵਿੱਚੋਂ ਇੱਕ ਵਿਅਕਤੀ ਦਾ 40 ਸਾਲਾ ਬੇਟਾ ਕੁਝ ਦਿਨ ਪਹਿਲਾਂ ਉਸੇ ਹਸਪਤਾਲ ਦੇ ਬਾਹਰ ਬੈੱਡ ਦੀ ਉਡੀਕ ਵਿੱਚ ਦਮ ਤੋੜ ਗਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਦਦਗਾਰਾਂ ਨਾਲ ਉਸ ਨੂੰ ਇੱਕ ਸਟਰੈਚਰ ਮਿਲਿਆ ਸੀ।ਦੁਖੀ ਭਾਰਤੀ ਹੁਣ ਇਸ ਗੱਲ ਲਈ ਸੁਕਰਗੁਜਾਰ ਹਨ: ਜੇ ਤੁਸੀਂ ਮੇਰੇ ਅਜੀਜ ਨੂੰ ਬਚਾਉਣ ਲਈ ਬੈੱਡ ਜਾਂ ਦਵਾਈਆਂ ਜਾਂ ਆਕਸੀਜਨ ਨਹੀਂ ਦੇ ਸਕਦੇ, ਤਾਂ ਘੱਟੋ ਘੱਟ ਉਨ੍ਹਾਂ ਦੀਆਂ ਲਾਸਾਂ ਨੂੰ ਆਰਾਮ ਦੇਣ ਲਈ ਇੱਕ ਸਟਰੈਚਰ ਹੀ ਦੇ ਦਿਓ।ਜਿਵੇਂ ਜਿਵੇਂ ਦਿਨ ਲੰਘਦਾ ਜਾਂਦਾ ਹੈ, ਮੈਨੂੰ ਅਹਿਸਾਸ ਹੁੰਦਾ ਹੈ ਕਿ ਕੁਝ ਵੀ ਨਹੀਂ ਬਦਲਿਆ ਹੈ।ਆਕਸੀਜਨ ਨਾ ਹੋਣ ਕਾਰਨ ਮਰੀਜ ਮਰ ਰਹੇ ਹਨ।ਦਵਾਈਆਂ ਅਜੇ ਵੀ ਬਹੁਤ ਘੱਟ ਹਨ ਅਤੇ ਬਲੈਕ ਮਾਰਕੀਟ ਵਿੱਚ ਹਨ।ਇੱਥੇ ਜਮਾਂ ਖੋਰੀ ਅਤੇ ਦਹਿਸਤ ਇਸ ਤਰ੍ਹਾਂ ਹੈ ਜਿਵੇਂ ਕਿ ਅਸੀਂ ਕਿਸੇ ਯੁੱਧ ਵਿੱਚ ਹੋਈਏ। ਅਧਿਆਪਕਾ ਦਾ ਦੁਬਾਰਾ ਫੋਨ ਆਉਂਦਾ ਹੈ। ਹਸਪਤਾਲ ਕੋਲ ਇੱਕ ਵਾਧੂ ਆਕਸੀਜਨ ਫਲੋਅ ਮੀਟਰ ਵੀ ਨਹੀਂ ਹੈ, ਇਸ ਲਈ ਇਹ ਉਸ ਨੂੰ ਲੈਣਾ ਪਵੇਗਾ।ਅਸੀਂ ਇੱਧਰ ਉੱਧਰ ਫੋਨ ਕਰਦੇ ਹਾਂ, ਟਵਿੱਟਰ 'ਤੇ ਅਪੀਲ ਕਰਦੇ ਹਾਂ। ਕੋਈ ਵਿਅਕਤੀ ਇੱਕ ਉਪਕਰਣ ਦਾ ਪ੍ਰਬੰਧ ਕਰਦਾ ਹੈ, ਜਿਸ ਦੀ ਵਰਤੋਂ ਮਰੀਜ ਨੂੰ ਸਿਲੰਡਰ ਤੋਂ ਸਪਲਾਈ ਨੂੰ ਨਿਯਮਤ ਕਰਨ ਲਈ ਕੀਤੀ ਜਾਂਦੀ ਹੈ। ਸਰਕਾਰ ਦੇ ਕਹਿਣ ਦੇ ਬਾਵਜੂਦ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਆਕਸੀਜਨ ਟੈਂਕਰ ਮਰੀਜਾਂ ਨੂੰ ਬਚਾਉਣ ਲਈ ਸਮੇਂ ਸਿਰ ਸਹਿਰ ਨਹੀਂ ਪਹੁੰਚ ਰਹੇ। ਇੱਥੇ ਕੋਈ ਬੈੱਡ ਨਹੀਂ, ਕੁਝ ਕੁ ਦਵਾਈਆਂ ਬਚੀਆਂ ਹਨ। ਇੱਥੋਂ ਤੱਕ ਕਿ ਭਾਰਤ ਦੇ ਵਿਸੇਸ ਅਧਿਕਾਰ ਵਾਲੇ ਵਿਅਕਤੀਆਂ ਕੋਲ ਵੀ ਕੋਈ ਵਿਸੇਸ ਅਧਿਕਾਰ ਨਹੀਂ ਬਚਿਆ। ਇੱਕ ਮੈਗਜੀਨ ਦੇ ਸੰਪਾਦਕ ਨੇ ਦੁਪਹਿਰ ਨੂੰ ਮੈਨੂੰ ਫੋਨ ਕੀਤਾ ਕਿਉਂਕਿ ਉਹ ਆਪਣੇ ਇੱਕ ਜਾਣਕਾਰ ਬਿਮਾਰ ਮਰੀਜ ਲਈ ਆਕਸੀਜਨ ਸਿਲੰਡਰ ਦੀ ਭਾਲ ਵਿੱਚ ਸਨ।ਉਸ ਅਪਾਰਟਮੈਂਟ ਬਿਲਡਿੰਗ ਵਿੱਚ ਜਿੱਥੇ ਮੈਂ ਰਹਿੰਦਾ ਹਾਂ, ਉੱਥੋਂ ਦੇ ਵਸਨੀਕ ਆਕਸੀਜਨ ਕਨਸੈਂਟਰੇਟਰਜ ਖਰੀਦਣ ਦੀ ਕੋਸਸਿ ਕਰ ਰਹੇ ਹਨ ਤਾਂ ਕਿ ਜੇਕਰ ਕਿਸੇ ਨੂੰ "ਸਾਹ ਲੈਣ ਵਿੱਚ ਸਹਾਇਤਾ ਦੀ ਜ਼ਰੂਰਤ ਹੈ" ਤਾਂ ਉਹ ਵਰਤ ਸਕਣ। ਇੱਥੋਂ ਦੇ 57 ਵਿਅਕਤੀ ਕੋਰੋਨਾ ਤੋਂ ਪੀੜਤ ਹਨ ਜਿਨ੍ਹਾਂ ਨੂੰ ਘਰਾਂ ਵਿੱਚ ਹੀ ਇਕਾਂਤਵਾਸ ਕੀਤਾ ਗਿਆ ਹੈ। ਮਰੀਜਾਂ ਨੂੰ ਆਪਣੇ ਆਪ ਨੂੰ ਖੁਦ ਹੀ ਬਚਾਉਣ ਲਈ ਛੱਡ ਦਿੱਤਾ ਗਿਆ ਹੈ। ਬਹੁਤਿਆਂ ਲਈ ਇਹ ਹੌਲੀ-ਹੌਲੀ ਮੌਤ ਦਾ ਰਸਤਾ ਹੈ। ਕੋਵਿਡ-19 ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਬਹੁਤ ਸਾਰੇ ਹਮਲੇ ਹੁੰਦੇ ਹਨ।ਇੱਕ ਨਿਊਰੋਸਰਜਨ ਪੌਲ ਕਲਾਨਿਥੀ ਨੇ "ਜਦੋਂ ਸਾਹ ਹਵਾ ਬਣ ਜਾਂਦਾ ਹੈ" ਸਿਰਲੇਖ ਵਾਲੇ ਯਾਦ ਪੱਤਰ ਵਿੱਚ ਲਿਖਿਆ ਹੈ, "ਭਾਵੇਂ ਮੈਂ ਮਰ ਰਿਹਾ ਹਾਂ, ਜਦੋਂ ਤੱਕ ਮੈਂ ਅਸਲ ਵਿੱਚ ਨਹੀਂ ਮਰਦਾ, ਮੈਂ ਅਜੇ ਵੀ ਜੀਉਂਦਾ ਹਾਂ।" ਭਾਰਤ ਵਿੱਚ ਅੱਜ ਘਾਤਕ ਵਾਇਰਸ ਦਾ ਸਕਿਾਰ ਹੋਏ ਲੋਕਾਂ ਲਈ ਸਿਰਫ ਥੋੜ੍ਹੀ ਜਿਹੀ ਦਇਆ ਹੀ ਹੈ।

# ਕੋਵਿਡ-19 : ਇਹ ਦੇਸ਼ ਭਾਰਤੀ ਯਾਤਰੀਆਂ ਦੀ ਐਂਟਰੀ 'ਤੇ ਲਗਾ ਚੁੱਕੇ ਹਨ ਬੈਨ



ਆਕਲੈਂਡ (ਐਨ. ਜ਼ੈਡ. ਤਸਵੀਰ) :- ਕੋਵਿਡ-19 ਮਾਮਲਿਆਂ ਵਿਚ ਭਾਰੀ ਵਾਧਾ ਹੋਣ ਨਾਲ ਵਿਸਵ ਭਰ ਦੇ ਦੇਸ ਭਾਰਤ ਨੂੰ ਆਪਣੀ ਯਾਤਰਾ ਪਾਬੰਦੀ ਸੂਚੀ ਵਿਚ ਸਾਮਲ ਕਰ ਰਹੇ ਹਨ।ਅਮਰੀਕਾ, ਆਸਟ੍ਰੇਲੀਆ, ਹਾਂਗਕਾਂਗ, ਯੂਕੇ, ਪਾਕਿਸਤਾਨ ਅਤੇ ਨਿਊਜੀਲੈਂਡ ਨੇ ਪਹਿਲਾਂ ਹੀ ਆਪਣੇ ਨਾਗਰਿਕਾਂ ਲਈ ਤਾਜਾ ਯਾਤਰਾ ਸੰਬੰਧੀ ਸਲਾਹ-ਮਸਵਰੇ ਜਾਰੀ ਕੀਤੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਭਾਰਤ ਆਉਣ/ਜਾਣ ਤੋਂ ਬਚਣ ਲਈ ਕਿਹਾ ਹੈ। ਇਹਨਾਂ ਦੇਸ਼ਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

**ਹਾਂਗਕਾਂਗ**

ਹਾਂਗਕਾਂਗ ਦੀ ਸਰਕਾਰ ਨੇ ਐਤਵਾਰ ਦੇਰ ਰਾਤ ਇੱਕ "ਐਮਰਜੈਂਸੀ ਸਰਕਟ ਬਰੇਕਰ" ਚਾਲੂ ਕਰ ਦਿੱਤੀ ਅਤੇ 20 ਅਪ੍ਰੈਲ ਤੋਂ ਸੁਰੂ ਹੋਣ ਵਾਲੇ 14 ਦਿਨਾਂ ਲਈ ਭਾਰਤ ਤੋਂ ਯਾਤਰੀ ਉਡਾਣਾਂ 'ਤੇ ਪਾਬੰਦੀ ਲਗਾ ਦਿੱਤੀ। ਇਹ ਫੈਸਲਾ ਮੁੰਬਈ ਤੋਂ ਆਏ ਕੁਝ ਭਾਰਤੀ ਯਾਤਰੀਆਂ ਦੇ ਹਾਂਗਕਾਂਗ ਦੇ ਹਵਾਈ ਅੱਡੇ 'ਤੇ ਪਹੁੰਚਣ 'ਤੇ ਕੋਵਿਡ-19 ਦਾ ਸਕਾਰਾਤਮਕ ਟੈਸਟ ਦੇਣ ਤੋਂ ਬਾਅਦ ਲਿਆ ਗਿਆ। ਪਹਿਲਾਂ, ਭਾਰਤੀ ਕੈਰੀਅਰ ਵਿਸਤਾਰਾ ਨੂੰ ਉਥੇ 2 ਮਈ ਤੱਕ ਉਡਾਣ ਭਰਨ 'ਤੇ ਪਾਬੰਦੀ ਲਗਾਈ ਗਈ ਸੀ ਅਤੇ ਬਾਅਦ ਵਿਚ ਸਾਰੀਆਂ ਹੋਰ ਉਡਾਣਾਂ ਲਈ ਪਾਬੰਦੀਆਂ ਵਧਾ ਦਿੱਤੀਆਂ ਗਈਆਂ ਸਨ। ਹਾਂਗਕਾਂਗ ਨੇ ਅਗਸਤ ਤੋਂ ਭਾਰਤ ਦੀਆਂ ਉਡਾਣਾਂ 'ਤੇ ਪਾਬੰਦੀ ਲਗਾਈ ਸੀ। ਭਾਰਤ ਤੋਂ ਇਲਾਵਾ ਪ੍ਰਸਾਸਨ ਨੇ ਪਾਕਿਸਤਾਨ ਅਤੇ ਫਿਲੀਪੀਨਜ ਦੀਆਂ ਉਡਾਣਾਂ 'ਤੇ ਵੀ ਪਾਬੰਦੀ ਲਗਾਈ ਹੈ।

**ਪਾਕਿਸਤਾਨ**

ਪਾਕਿਸਤਾਨ ਨੇ ਸੋਮਵਾਰ ਨੂੰ ਭਾਰਤ ਤੋਂ ਆਉਣ ਵਾਲੇ ਯਾਤਰੀਆਂ 'ਤੇ ਅਗਲੇ ਦੋ ਹਫਤਿਆਂ ਲਈ ਪਾਬੰਦੀ ਲਗਾ ਦਿੱਤੀ ਹੈ। ਇਹ ਪਾਬੰਦੀ ਗੁਆਂਢੀ ਦੇਸ ਵਿਚ ਨੋਵਲ ਕੋਰੋਨਾ ਵਾਇਰਸ ਦੇ ਨਵੇਂ ਰੂਪ ਦੇ ਫੈਲਣ ਦਾ ਹਵਾਲਾ ਦਿੰਦੇ ਹੋਏ ਲਗਾਈ ਗਈ। ਨੈਸਨਲ ਕਮਾਂਡ ਅਤੇ ਆਪ੍ਰੇਸਨ ਸੈਂਟਰ (ਐਨ.ਸੀ.ਓ.ਸੀ.) ਦੁਆਰਾ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਫੈਸਲਾ ਅੱਜ ਮੰਚ ਦੀ ਇਕ ਮੀਟਿੰਗ ਦੌਰਾਨ ਲਿਆ ਗਿਆ, ਜਿਸ ਦੀ ਯੋਜਨਾਬੰਦੀ ਅਤੇ ਵਿਕਾਸ ਮੰਤਰੀ ਅਸਦ ਉਮਰ ਦੀ ਪ੍ਰਧਾਨਗੀ ਹੇਠ ਹੋਈ। ਵਿਸਵ ਭਾਰਤ ਨੂੰ ਉਨ੍ਹਾਂ ਦੇ ਯਾਤਰਾ ਪਾਬੰਦੀ ਸੂਚੀ ਵਿਚ ਸਾਮਲ ਕਰ ਰਿਹਾ ਹੈ।ਫੋਰਮ ਨੇ ਭਾਰਤ ਨੂੰ ਸ੍ਰੇਣੀ 'ਸੀ' ਦੀ ਸੂਚੀ ਵਿਚ ਰੱਖਣ ਦਾ ਫੈਸਲਾ ਕੀਤਾ। ਬਿਆਨ 'ਚ ਕਿਹਾ ਗਿਆ ਹੈ ਕਿ ਭਾਰਤ ਤੋਂ ਹਵਾਈ ਅਤੇ ਜਮੀਨੀ ਮਾਰਗ ਰਾਹੀਂ ਆਉਣ ਵਾਲੇ ਯਾਤਰੀਆਂ' ਤੇ ਪਾਬੰਦੀ ਹੋਵੇਗੀ।

**ਬ੍ਰਿਟੇਨ**

ਬ੍ਰਿਟਿਸ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਆਪਣੀ ਭਾਰਤ ਯਾਤਰਾ ਮੁਲਤਵੀ ਕੀਤੇ ਜਾਣ ਤੋਂ ਇਕ ਦਿਨ ਬਾਅਦ, ਬ੍ਰਿਟੇਨ ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਯਾਤਰਾ ਲਈ ਭਾਰਤ ਨੂੰ ਉਨ੍ਹਾਂ ਦੀ 'ਲਾਲ ਸੂਚੀ' ਵਿਚ ਸਾਮਲ ਕਰਨ ਲਈ ਇਕ ਤਾਜਾ ਸਲਾਹ ਦਿੱਤੀ। 23 ਅਪ੍ਰੈਲ ਤੋਂ ਭਾਰਤ ਤੋਂ ਆਉਣ ਵਾਲੇ ਯੂਕੇ ਨਿਵਾਸੀਆਂ ਨੂੰ 11 ਰਾਤਾਂ ਲਈ ਇੱਕ ਹੋਟਲ ਵਿਚ ਕੁਆਰੰਟੀਨ ਰਹਿਣਾ ਹੋਵੇਗਾ। ਭਾਰਤ ਤੋਂ ਹੋਰ ਲੋਕ ਬ੍ਰਿਟੇਨ ਦੀ ਯਾਤਰਾ ਨਹੀਂ ਕਰ ਸਕਣਗੇ। ਚਾਰ ਦਿਨਾਂ ਦਾ ਗ੍ਰੇਸ ਪੀਰੀਅਡ ਉਨ੍ਹਾਂ ਲੋਕਾਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਕਿਸੇ ਹੋਟਲ ਵਿਚ ਕੁਆਰੰਟੀਨ ਹੋਣ ਤੋਂ ਬਿਨਾਂ ਯੂਕੇ ਵਾਪਸ ਜਾਣ ਦੀ ਜਰੂਰਤ ਹੈ।ਇਸ ਦੌਰਾਨ ਏਅਰ ਇੰਡੀਆ ਨੇ 24 ਤੋਂ 30 ਅਪ੍ਰੈਲ ਤੱਕ ਯੂਕੇ ਆਉਣ- ਜਾਣ ਵਾਲੀਆਂ ਸਾਰੀਆਂ ਉਡਾਣਾਂ ਨੂੰ ਰੱਦ ਕਰ ਦਿੱਤਾ ਹੈ।

**ਅਮਰੀਕਾ**

20 ਅਪ੍ਰੈਲ ਨੂੰ ਸੰਯੁਕਤ ਰਾਜ ਅਮਰੀਕਾ ਦੇ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ (ਸੀ.ਡੀ.ਸੀ.) ਨੇ ਇਕ ਯਾਤਰਾ ਸਲਾਹ ਜਾਰੀ ਕੀਤੀ, ਜਿਸ ਵਿਚ ਆਪਣੇ ਸਾਰੇ ਨਾਗਰਿਕਾਂ ਨੂੰ ਭਾਰਤ ਦੀ ਯਾਤਰਾ ਤੋਂ ਬਚਣ ਲਈ ਕਿਹਾ ਸੀ।ਅਮਰੀਕਾ ਨੇ ਭਾਰਤ ਨੂੰ 'ਲੈਵਲ 4' ਸ੍ਰੇਣੀ ਵਿਚ ਪਾ ਦਿੱਤਾ ਹੈ ਜਿਸ ਵਿਚ ਲਿਖਿਆ ਹੈ 'ਭਾਰਤ ਵਿਚ ਕੋਵਿਡ-19 ਦਾ ਬਹੁਤ ਉੱਚ ਪੱਧਰੀ' ਹੈ।

**ਨਿਊਜੀਲੈਂਡ**

ਇਸ ਮਹੀਨੇ ਦੇ ਸੁਰੂ ਵਿਚ ਬਾਹਰੋਂ ਆਉਣ ਵਾਲੇ ਯਾਤਰੀਆਂ ਵਿਚ 23 ਕੋਵਿਡ-19 ਮਾਮਲਿਆਂ ਦਾ ਪਤਾ ਲੱਗਣ ਤੋਂ ਬਾਅਦ ਨਿਊਜੀਲੈਂਡ ਨੇ ਵੀ ਭਾਰਤ ਤੋਂ ਕਿਸੇ ਵੀ ਯਾਤਰਾ 'ਤੇ ਪਾਬੰਦੀ ਲਗਾਈ ਸੀ। ਰਿਪੋਰਟਾਂ ਦੇ ਅਨੁਸਾਰ, 23 ਵਿੱਚੋਂ 17 ਕੇਸਾਂ ਵਿਚ ਸਾਰਸ-ਕੋਵਿ-2 ਦੇ ਭਾਰਤੀ ਰੂਪਾਂ ਪ੍ਰਤੀ ਸਕਾਰਾਤਮਕ ਪਾਏ ਗਏ, ਜਿਸ ਨਾਲ ਅਧਿਕਾਰੀਆਂ ਨੇ ਭਾਰਤ ਤੋਂ ਯਾਤਰਾ 'ਤੇ ਪਾਬੰਦੀ ਲਗਾ ਦਿੱਤੀ। ਬਹੁਤੇ ਦੇਸ ਭਾਰਤੀ ਨਾਗਰਿਕਾਂ ਦੀ ਨਿਗਰਾਨੀ ਕਰ ਰਹੇ ਹਨ ਅਤੇ ਜੇਕਰ ਯਾਤਰੀਆਂ ਦੀ ਸਕਾਰਾਤਮਕ ਜਾਂਚ ਹੁੰਦੀ ਹੈ ਤਾਂ ਸਲਾਹ ਜਾਰੀ ਕੀਤੀ ਜਾਂਦੀ ਹੈ।

**ਕੈਨੇਡਾ**

ਕੋਰੋਨਾ ਵਾਇਰਸ ਦੇ ਵੱਧਦੇ ਮਾਮਲਿਆਂ ਵਿਚ ਕੈਨੇਡਾ ਨੇ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਸਾਰੀਆਂ ਉਡਾਣਾਂ 'ਤੇ ਰੋਕ ਲਗਾ ਦਿੱਤੀ ਹੈ। ਕੈਨੇਡਾ ਪ੍ਰਸ਼ਾਸਨ ਨੇ 30 ਦਿਨ ਤੱਕ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੇ ਯਾਤਰੀਆਂ 'ਤੇ ਪਾਬੰਦੀ ਲਗਾਈ ਹੈ। ਅਜਿਹਾ ਦੱਸਿਆ ਗਿਆ ਹੈ ਕਿ ਇਹਨਾਂ ਦੋਹਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਵਿਚ ਕੋਵਿਡ-19 ਦੀ ਪੁਸ਼ਟੀ ਹੋਈ ਹੈ ਅਤੇ ਇਹਨਾਂ ਦੀ ਗਿਣਤੀ ਵੀ ਜਿਆਦਾ ਹੈ।

**ਆਵਾਜਾਈ ਮੰਤਰੀ ਨੇ ਕਹੀ ਇਹ ਗੱਲ**

ਆਵਾਜਾਈ ਮੰਤਰੀ ਉਮਰ ਅਲਖਬਰਾ ਨੇ ਜਾਣਕਾਰੀ ਦਿੱਤੀ ਕਿ ਭਾਰਤ ਅਤੇ ਪਾਕਿਸਤਾਨ ਤੋਂ ਹਵਾਈ ਯਾਤਰਾ ਕਰ ਰਹੇ ਯਾਤਰੀਆਂ ਵਿਚ ਕੋਵਿਡ-19 ਦੀ ਪੁਸ਼ਟੀ ਕੀਤੀ ਗਈ ਹੈ। ਇਸ ਲਈ ਮੈਂ ਅਗਲੇ ਦਿਨ 30 ਦਿਨਾਂ ਲਈ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਸਾਰੀਆਂ ਵਪਾਰਕ ਅਤੇ ਨਿੱਜੀ ਯਾਤਰੀਆਂ ਸੰਬੰਧੀ ਉਡਾਣਾਂ ਨੂੰ ਰੱਦ ਕਰਨ ਦਾ ਫੈਸਲਾ ਲਿਆ ਹੈ। ਉਹਨਾਂ ਨੇ ਅੱਗੇ ਕਿਹਾ ਕਿ ਹਾਲੇ ਇਸ ਨੂੰ ਅਸਥਾਈ ਤੌਰ 'ਤੇ ਲਾਗੂ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿਚ ਕੋਰੋਨਾ ਇਨਫੈਕਸ਼ਨ ਦੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਫੈਸਲਾ ਲਿਆ ਜਾਵੇਗਾ।

**ਆਸਟ੍ਰੇਲੀਆ**

ਪ੍ਰਧਾਨ ਮੰਤਰੀ ਸਕੌਟ ਮੋਰੀਸਨ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਭਾਰਤ ਸਮੇਤ ਕੋਵਿਡ-19 ਦੇ ਉਚ ਖਤਰੇ ਵਾਲੇ ਵੱਖ-ਵੱਖ ਦੇਸ਼ਾਂ ਤੋਂ ਆਉਣ ਵਾਲੀਆਂ ਉਡਾਣਾਂ ਦੀ ਗਿਣਤੀ ਘੱਟ ਕੀਤੀ ਜਾਏਗੀ। ਉਨ੍ਹਾਂ ਨੇ ਦੁਨੀਆ ਭਰ ਵਿਚ ਕੋਰੋਨਾ ਵਾਇਰਸ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧੇ ਦਰਮਿਆਨ ਇਹ ਐਲਾਨ ਕੀਤਾ ਹੈ। ਮੋਰੀਸਨ ਨੇ ਕੈਨਬਰਾ ਵਿਚ ਰਾਸ਼ਟਰੀ ਮੰਤਰੀ ਮੰਡਲ ਦੀ ਬੈਠਕ ਦੇ ਬਾਅਦ ਕਿਹਾ ਕਿ ਅਸੀਂ ਆਉਣ ਵਾਲੇ ਮਹੀਨਿਆਂ ਵਿਚ ਆਪਣੀਆਂ ਚਾਰਟਡ ਸੇਵਾਵਾਂ ਤਹਿਤ ਆਉਣ ਵਾਲੀਆਂ ਉਡਾਣਾਂ ਦੀ ਸੰਖਿਆ ਵਿਚ 30 ਫ਼ੀਸਦੀ ਦੀ ਕਮੀ ਕਰਨ 'ਤੇ ਸਹਿਮਤ ਹੋਏ ਹਾਂ। ਉਚ ਜੋਖ਼ਮ ਵਾਲੇ ਦੇਸ਼ਾਂ ਦੀ ਸੂਚੀ ਨੂੰ ਅੰਤਿਮ ਰੂਪ ਦਿੱਤੇ ਜਾਣ ਦੌਰਾਨ ਮੋਰੀਸਨ ਨੇ ਕਿਹਾ ਕਿ ਇਹ ਐਲਾਨ ਭਾਰਤ ਵਿਚ ਕੋਰੋਨਾ ਵਾਇਰਸ ਦੀ ਦੂਜੀ ਗੰਭੀਰ ਲਹਿਰ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਗਿਆ ਹੈ। ਭਾਰਤ ਵਿਚ ਵੀਰਵਾਰ ਨੂੰ ਕੋਰੋਨਾ ਵਾਇਰਸ ਦੇ 3.14 ਲੱਖ ਤੋਂ ਜ਼ਿਆਦਾ ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਭਾਰਤ ਵਿਚ ਹੁਣ ਤੱਕ 1,59,30,965 ਲੋਕ ਕੋਵਿਡ ਨਾਲ ਪੀੜਤ ਹੋ ਚੁੱਕੇ ਹਨ। ਮੋਰੀਸਨ ਨੇ ਕਿਹਾ ਕਿ ਆਸਟ੍ਰੇਲੀਆ ਪਰਤਣ ਦੇ ਸਬੰਧ ਵਿਚ ਬਣਾਏ ਗਏ ਨਵੇਂ ਨਿਯਮ ਹੁਣ ਅਜਿਹੇ ਉਚ ਜੋਖ਼ਮ ਵਾਲੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ 'ਤੇ ਲਾਗੂ ਹੋਣਗੇ। ਅਜਿਹੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਯਾਤਰਾ ਸ਼ੁਰੂ ਕਰਨ ਤੋਂ 72 ਘੰਟੇ ਪਹਿਲਾਂ ਕੋਵਿਡ ਜਾਂਚ ਕਰਾਉਣੀ ਹੋਵੇਗੀ

**ਦੁਬਈ**

ਕੋਰੋਨਾ ਵਾਇਰਸ ਦੇ ਵਧਦੇ ਮਾਮਲਿਆਂ ਨੂੰ ਦੇਖਦੇ ਹੋਏ ਅਮੀਰਾਤ ਏਅਰਲਾਈਨ ਨੇ ਅਗਲੇ 10 ਦਿਨਾਂ ਲਈ ਦੁਬਈ ਅਤੇ ਭਾਰਤ ਦਰਮਿਆਨ ਆਪਣੀਆਂ ਫਲਾਈਟਾਂ ਨੂੰ ਮੁਅੱਤਲ ਕਰ ਦਿੱਤਾ ਹੈ। ਦੁਬਈ ਤੋਂ ਭਾਰਤ ਦੇ ਅਮੀਰਾਤ ਫਲਾਈਟਾਂ ਦਾ ਸੰਚਾਲਨ 25 ਅਪ੍ਰੈਲ ਤੋਂ ਅਗਲੇ 10 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਦੱਸ ਦੇਈਏ ਕਿ ਫਿਲਹਾਲ ਭਾਰਤ 'ਚ ਕੋਰੋਨਾ ਵਾਇਰਸ ਦੇ ਮਾਮਲਿਆਂ 'ਚ ਤੇਜੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਹਾਲਾਂਕਿ, ਭਾਰਤ ਸਰਕਾਰ ਨੇ ਜਹਾਜਾਂ ਦੀ ਆਵਾਜਾਈ 'ਤੇ ਕੋਈ ਪਾਬੰਦੀ ਨਹੀਂ ਲਾਈ ਹੈ।